Punjab Government Gazette

**EXTRAORDINARY**

***Published by Authority***

CHANDIGARH, MONDAY, JUNE 21, 2021 (JYAISTHA 31, 1943 SAKA)

**ਪੰਜਾਬ ਸਰਕਾਰ**

ਸਥਾਨਕ ਸਰਕਾਰ ਵਿਭਾਗ

(ਸਥਾਨਕ ਸਰਕਾਰ-3 ਸ਼ਾਖਾ)

**ਮੁੱਢਲਾ ਨੋਟੀਫਿਕੇਸ਼ਨ**

ਮਿਤੀ 21 ਜੂਨ, 2021

**ਨੰ: 10/23/2016-3ਸਸ3/1238.**-ਨਗਰ ਪੰਚਾਇਤ, ਤਲਵੰਡੀ ਸਾਬੋ ਵੱਲੋਂ ਹਾਊਸ ਦੀ ਮੀਟਿੰਗ ਵਿੱਚ ਪਾਸ ਕੀਤੇ ਗਏ ਮਤਾ ਨੰ: 355, ਮਿਤੀ 05.09.2016 ਰਾਹੀਂ ਨਗਰ ਪੰਚਾਇਤ, ਤਲਵੰਡੀ ਸਾਬੋ ਦੀਆਂ ਮੌਜੂਦਾ ਹੱਦਾਂ ਵਿਚ ਹੋਰ ਵਾਧਾ (ਬਾਕੀ ਰਹਿੰਦੇ ਏਰੀਏ ਨੂੰ ਸ਼ਾਮਲ ਕਰਨ) ਕਰਨ ਦੇ ਕੀਤੇ ਗਏ ਫੈਸਲੇ ਨੂੰ ਵਿਚਾਰਦੇ ਹੋਏ ਪੰਜਾਬ ਦੇ ਰਾਜਪਾਲ ਜੀ ਪ੍ਰਸੰਨਤਾ ਪੂਰਵਕ ਪੰਜਾਬ ਮਿਉਂਸਪਲ ਐਕਟ 1911 ਦੀ ਧਾਰਾ 4 ਅਤੇ 5 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਤਜਵੀਜ਼ੀ ਹੱਦਾਂ ਨੂੰ ਪ੍ਰਕਾਸ਼ਿਤ ਕਰਦੇ ਹਨ। ਜਿਸ ਅਨੁਸਾਰ ਨਵੀਆਂ ਤਜਵੀਜ਼ਤ ਹੱਦਾਂ ਹੇਠ ਦਰਸਾਏ ਸ਼ਡਿਊਲ ਆਫ ਬਾਊਂਡਰੀ ਮੁਤਾਬਿਕ ਹਨ।

2. ਜੇਕਰ ਨਗਰ ਪੰਚਾਇਤ, ਤਲਵੰਡੀ ਸਾਬੋ ਦੀਆਂ ਹੱਦਾਂ ਵਿਚ ਵਾਧਾ ਕਰਨ ਸਬੰਧੀ ਕਿਸੇ ਵਿਅਕਤੀ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ ਆਪਣਾ ਇਤਰਾਜ਼ ਜਾਂ ਸੁਝਾਅ ਲਿਖਤੀ ਰੂਪ ਵਿੱਚ ਅਧਿਸੂਚਨਾ ਦੇ ਛਪਣ ਤੋਂ 30 ਦਿਨਾਂ ਦੇ ਅੰਦਰ-ਅੰਦਰ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਸਥਾਨਕ ਸਰਕਾਰ ਵਿਭਾਗ (ਈਮੇਲ:secy.lg@punjab.gov.in), ਪੰਜਾਬ ਮਿਉਂਸਪਲ ਭਵਨ, ਸੈਕਟਰ 35ਏ, ਚੰਡੀਗੜ੍ਹ ਜਾਂ ਕਾਰਜ ਸਾਧਕ ਅਫ਼ਸਰ, ਨਗਰ ਪੰਚਾਇਤ, ਤਲਵੰਡੀ ਸਾਬੋ ਵਿਖੇ ਦੇ ਸਕਦਾ ਹੈ।

**ਸ਼ਡਿਊਲ ਆਫ ਬਾਊਂਡਰੀ**

**ਉੱਤਰ:-** ਬਿੰਦੂ A ਮੁਰੱਬਾ ਨੰ: 73 ਉੱਤਰੀ ਪੱਛਮੀ ਕੋਨੇ ਤੋਂ ਸ਼ੁਰੂ ਹੋ ਕੇ ਪੂਰਬ ਵੱਲ ਨੂੰ ਜਾਂਦੇ ਹੋਏ ਮੁਰੱਬਾ ਨੰ: 73, 74, 75, ਦੀ ਉੱਤਰੀ ਬਾਹੀ ਦੇ ਨਾਲ-ਨਾਲ ਜਾ ਕੇ ਸੜਕ ਪਿੰਡ ਲਾਲੇਆਣਾ ਨੂੰ ਕਰਾਸ ਕਰਦੇ ਹੋਏ ਮੁਰੱਬਾ ਨੰ: 76, 77, 78, 79, 80, 81, 82, 83 ਦੇ ਉੱਤਰੀ ਪੂਰਬੀ ਕੋਨੇ ਬਿੰਦੂ A-1 ਤੱਕ, ਬਿੰਦੂ A-1 ਤੋਂ ਉੱਤਰ ਵੱਲ ਨੂੰ ਜਾਂਦੇ ਹੋਏ ਮੁਰੱਬਾ ਨੰ: 47 ਦੇ ਉੱਤਰੀ ਪੱਛਮੀ ਬਾਹੀ ਤੇ ਬਿੰਦੂ A-2 ਤੱਕ, ਬਿੰਦੂ A-2 ਤੋਂ ਪੂਰਬ ਵੱਲ ਨੂੰ ਚੱਲਦੇ ਹੋਏ ਪਿੰਡ ਭਾਗੀਵਾਂਦਰ ਦੀ ਹੱਦ ਦੇ ਨਾਲ-ਨਾਲ ਮੁਰੱਬਾ ਨੰ: 47, 46 ਬਠਿੰਡਾ ਸੜਕ ਨੂੰ ਕਰਾਸ ਕਰਦੇ ਹੋਏ ਮੁਰੱਬਾ ਨੰ: 45, 44, 43, 42 ਦੀ ਉੱਤਰੀ ਪੂਰਬੀ ਬਾਹੀ ਪਿੰਡ ਭਾਗੀਵਾਂਦਰ ਦੀ ਹੱਦ ਦੇ ਨਾਲ ਮੁਰੱਬਾ ਨੰ: 42 ਦੀ ਉੱਤਰੀ ਪੂਰਬੀ ਕੋਨੇ ਤੱਕ ਜੋ ਪਿੰਡ ਭਾਗੀਵਾਂਦਰ ਦੀ ਹੱਦ ਨੂੰ ਮਿਲਦਾ ਹੈ ਬਿੰਦੂ B ਤੱਕ।

**ਪੂਰਬ:-** ਬਿੰਦੂ B ਤੋਂ ਸ਼ੁਰੂ ਹੋ ਕੇ ਦੱਖਣ ਵੱਲ ਨੂੰ ਜਾਂਦੇ ਹੋਏ ਮੁਰੱਬਾ ਨੰ: 42 ਦੀ ਪੂਰਬੀ ਬਾਹੀ ਦੇ ਨਾਲ-ਨਾਲ ਸੜਕ ਪਿੰਡ ਨੱਤ

ਅਤੇ ਰਜਬਾਹਾ ਨੂੰ ਕਰਾਸ ਕਰਦੇ ਹੋਏ ਮੁਰੱਬਾ ਨੰ: 89, 102, 146, 164, 204 ਮੁਰੱਬਾ ਦੇ ਪੂਰਬੀ ਦੱਖਣੀ ਕੋਨਾ ਬਿੰਦੂ B-1 ਤੱਕ, ਬਿੰਦੂ B-1 ਤੋਂ ਮੁਰੱਬਾ ਨੰ: 204 ਦੇ ਪੂਰਬੀ ਦੱਖਣੀ ਕੋਨੇ ਤੋਂ ਪੂਰਬ ਵੱਲ ਨੂੰ ਚਲਦੇ ਹੋਏ ਮੁਰੱਬਾ ਨੰ: 219 ਦੀ ਉੱਤਰੀ ਬਾਹੀ ਦੇ ਨਾਲ-ਨਾਲ ਚੱਲਦੇ ਹੋਏ ਮੁਰੱਬਾ ਨੰ: 218, 217, 216 ਦੇ ਉੱਤਰੀ ਪੂਰਬੀ ਕੋਨਾ ਬਿੰਦੂ B-2 ਤੱਕ, ਬਿੰਦੂ B-2 ਤੋਂ ਦੱਖਣ ਵੱਲ ਨੂੰ ਚਲਦੇ ਹੋਏ ਮੁਰੱਬਾ ਨੰ: 216, 263, 268, 312, 317, 362, 366, 412 ਦੇ ਦੱਖਣੀ ਪੂਰਬੀ ਕੋਨੇ ਬਿੰਦੂ B-3 ਤੱਕ, ਬਿੰਦੂ B-3 ਤੋਂ ਪੱਛਮ ਵੱਲ ਨੂੰ ਮੁਰੱਬਾ ਨੰ: 412 ਦਾ ਛਿਪਦਾ ਦੱਖਣੀ ਕੋਨਾ ਬਿੰਦੂ B-4 ਤੱਕ, ਬਿੰਦੂ B-4 ਤੋਂ ਮੁਰੱਬਾ ਨੰ: 415 ਦੇ ਉੱਤਰੀ ਪੂਰਬੀ ਕੋਨੇ ਤੋਂ ਦੱਖਣ ਵੱਲ ਮੁਰੱਬਾ ਨੰ: 458 ਦੇ ਦੱਖਣੀ ਪੂਰਬੀ ਕੋਨੇ ਪਿੰਡ ਨਵਾਂ ਪਿੰਡ ਦੀ ਹੱਦ ਬਿੰਦੂ C ਤੱਕ।

**ਦੱਖਣ:-** ਬਿੰਦੂ C ਮੁਰੱਬਾ ਨੰ: 458 ਦੇ ਪੂਰਬੀ ਦੱਖਣੀ ਕੋਨੇ ਤੋਂ ਪੱਛਮ ਵੱਲ ਨੂੰ ਚਲਦੇ ਹੋਏ ਮੁਰੱਬਾ ਨੰ: 458, 457, 456 ਅਤੇ 455 ਹੱਦ ਦੇ ਨਾਲ-ਨਾਲ ਪੱਛਮ ਵੱਲ ਨੂੰ ਮੁਰੱਬਾ ਨੰ: 454, 453 ਰੋੜੀ ਰੋੜ ਨੂੰ ਕਰਾਸ ਕਰਦੇ ਹੋਏ ਮੁਰੱਬਾ ਨੰ: 452, 451, 450, 449, 448, 447, 446, 445, 444, 443, 442 ਸੰਗਤ ਸੜਕ ਨੂੰ ਕਰਾਸ ਕਰਦੇ ਹੋਏ ਮੁਰੱਬਾ ਨੰ: 442 ਦੇ ਦੱਖਣੀ ਪੱਛਮੀ ਕੋਨੇ ਬਿੰਦੂ D ਤੱਕ।

**ਪੱਛਮ:-** ਬਿੰਦੂ D ਤੋਂ ਮੁਰੱਬਾ ਨੰ: 442 ਦੇ ਦੱਖਣੀ ਪੱਛਮੀ ਕੋਨੇ ਤੋਂ ਉੱਤਰ ਵੱਲ ਨੂੰ ਮੁਰੱਬਾ ਨੰ: 442,431,395 ਦੇ ਉੱਤਰੀ ਪੱਛਮੀ ਕੋਨੇ ਬਿੰਦੂ D-1 ਤੱਕ, ਬਿੰਦੂ D-1 ਤੋਂ ਪੱਛਮ ਵੱਲ ਨੂੰ ਮੁਰੱਬਾ ਨੰ: 384,385 ਦੇ ਦੱਖਣੀ ਪੱਛਮੀ ਕੋਨੇ ਬਿੰਦੂ D-2 ਤੱਕ, ਬਿੰਦੂ D-2 ਤੋਂ ਮੁਰੱਬਾ ਨੰ: 385 ਤੋਂ ਉੱਤਰੀ ਵੱਲ ਨੂੰ ਮੁਰੱਬਾ ਨੰ: 385, 343, 336, 293, 284, 244 ਦੇ ਉੱਤਰੀ ਪੱਛਮੀ ਕੋਨਾ ਬਿੰਦੂ D-3 ਤੱਕ, ਬਿੰਦੂ D-3 ਤੋਂ ਮੁਰੱਬਾ ਨੰ: 236 ਦੇ ਦੱਖਣੀ ਪੱਛਮੀ ਕੋਨਾ ਬਿੰਦੂ D-4 ਤੱਕ, ਬਿੰਦੂ D-4 ਤੋਂ ਉੱਤਰ ਵੱਲ ਨੂੰ ਮੁਰੱਬਾ ਨੰ: 236,188 ਰਾਮਾਂ ਰੋਡ ਨੂੰ ਕਰਾਸ ਕਰਦੇ ਹੋਏ ਮੁਰੱਬਾ ਨੰ: 180,130,118,73 ਦਾ ਉੱਤਰੀ-ਪੱਛਮੀ ਕੋਨਾ ਬਿੰਦੂ A ਤੱਕ ਜੋ ਕਿ ਸ਼ੁਰੂ ਦਾ ਬਿੰਦੂ ਹੈ।

3. ਇਸ ਦਾ ਤਜਵੀਜਤ ਨਕਸ਼ਾ ਕਾਰਜ ਸਾਧਕ ਅਫਸਰ, ਨਗਰ ਪੰਚਾਇਤ, ਤਲਵੰਡੀ ਸਾਬੋ ਦੇ ਦਫ਼ਤਰ ਵਿਖੇ ਕਿਸੇ ਵੀ ਕੰਮ ਵਾਲੇ ਦਿਨ ਵੇਖਿਆ ਜਾ ਸਕਦਾ ਹੈ।

4. ਇਹ ਅਧਿਸੂਚਨਾ ਮਾਨਯੋਗ ਸਥਾਨਕ ਸਰਕਾਰ ਮੰਤਰੀ ਜੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤੀ ਜਾਂਦੀ ਹੈ।

**ਅਜੋਏ ਕੁਮਾਰ ਸਿਨਹਾ, ਆਈ.ਏ.ਐਸ.,**
ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਸਥਾਨਕ ਸਰਕਾਰ ਵਿਭਾਗ।

ਚੰਡੀਗੜ੍ਹ
ਮਿਤੀ 18 ਜੂਨ, 2021

*2326/6-2021/Pb. Govt. Press, S.A.S. Nagar*